# ਡਾਇਰੈਕਟਰ,ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ

ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ)

ਫੇਸ-3ਬੀ-1, ਮੁਹਾਲੀ।

---

## ਪਬਲਿਕ ਨੋਟਿਸ

ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਸਾਲ-2015 ਵੱਖ ਵੱਖ ਵਿਸਿਆਂ ਦੇ 6060 ਮਾਸਟਰ ਕਾਡਰ ਅਧਿਆਪਕਾਂ ਦੀ ਭਰਤੀ ਲਈ ਇਸਤਿਹਾਰ ਜਾਰੀ ਕੀਤਾ ਸੀ। ਕੁਝ ਉਮੀਦਵਾਰਾਂ ਦੇ ਮਾਨਯੋਗ ਹਾਈਕੋਰਟ ਦੇ ਵੱਖ ਵੱਖ ਫੈਸਲਿਆਂ ਅਨੁਸਾਰ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਦੇ ਨੰਬਰਾਂ ਵਿੱਚ ਵਾਧਾ ਹੋ ਗਿਆ ਸੀ। ਜਿਨ੍ਹਾਂ ਦਾ ਨਤੀਜਾ ਵਧੇ ਹੋਏ ਨੰਬਰਾਂ ਅਨੁਸਾਰ ਰਿਵਾਈਜ ਕੀਤਾ ਗਿਆ ਹੈ। ਜੇਕਰ ਕੋਈ ਹੋਰ ਵੀ ਅਜਿਹਾ ਉਮੀਦਵਾਰ ਜਿਸ ਦੇ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਦੇ ਨੰਬਰ ਮਾਨਯੋਗ ਹਾਈਕੋਰਟ ਦੇ ਫੈਸਲੇ ਅਨੁਸਾਰ ਡਾਇਰੈਕਟਰ ਐਸ.ਸੀ.ਈ.ਆਰ.ਟੀ.ਵੱਲੋਂ ਵਧਾਏ ਗਏ ਹਨ ਅਤੇ ਉਹਨਾਂ ਉਮੀਦਵਾਰਾਂ ਨੇ 6060 ਮਾਸਟਰ ਕਾਡਰ ਦੀਆਂ ਅਸਾਮੀਆਂ ਲਈ ਅਪਲਾਈ ਕੀਤਾ ਹੋਵੇ ਜਿਨ੍ਹਾਂ ਦੀ ਮੈਰਿਟ ਅਜੇ ਤੱਕ ਰਿਵਾਈਜ ਨਹੀਂ ਹੋਈ ਉਹ ਉਮੀਦਵਾਰ ਆਪਣੀ ਪ੍ਰਤੀ ਬੇਨਤੀ ਸਮੇਤ ਅਪਲਾਈ ਕਰਨ ਦਾ ਸਬੂਤ ਅਤੇ ਵਧੇ ਹੋਏ ਨੰਬਰਾਂ ਦੇ ਹੁਕਮ ਸਿੱਖਿਆ ਭਰਤੀ ਡਾਇਰੈਕਟੋਰੇਟ ਵਿਖੇ ਨਿੱਜੀ ਪੱਧਰ ਤੇ ਮਿਤੀ 04-10-2017 ਤੱਕ ਸਿੱਖਿਆ ਭਰਤੀ ਡਾਇਰੈਕਟੋਰੇਟ ਦੇ ਦਫਤਰ ਵਿਖੇ ਜਮ੍ਹਾ ਕਰਵਾਉਣ। ਇਸ ਤੋਂ ਬਾਅਦ 6060 ਮਾਸਟਰ ਕਾਡਰ ਦੀ ਭਰਤੀ ਦੀ ਪ੍ਰਕਿਰਿਆ ਪੂਰਨ ਤੌਰ ਤੇ ਬੰਦ ਕਰ ਦਿੱਤੀ ਜਾਵੇਗੀ। ਜਿਨ੍ਹਾਂ ਉਮੀਦਵਾਰਾਂ ਦੇ ਨੰਬਰ ਇਸ ਤੋਂ ਬਾਦ ਡਾਇਰੈਕਟਰ ਐਸ.ਸੀ.ਈ.ਆਰ.ਟੀ.ਵੱਲੋਂ ਵਧਾਏ ਜਾਣਗੇ ਉਹਨਾਂ ਉਮੀਦਵਾਰਾਂ ਨੂੰ 6060 ਮਾਸਟਰ ਕਾਡਰ ਦੀ ਭਰਤੀ ਲਈ ਨਹੀਂ ਵਿਚਾਰਿਆ ਜਾਵੇਗਾ ਅਤੇ ਉਹ ਉਮੀਦਵਾਰ ਨਵੀਂ ਭਰਤੀ ਵਿੱਚ ਅਪਲਾਈ ਕਰ ਸਕਣਗੇ।

ਸਹੀ/-

ਡਾਇਰੈਕਟਰ

ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ।